PUNJABI

**EXECUTIVE SUMMARY – Religious Archives Survey Report**
**ਐਗਜ਼ੈਕਟਿਵ ਖ਼ੁਲਾਸਾ – ਧਾਰਮਿਕ ਆਰਕਾਈਵਜ਼ ਸਰਵੇ ਰਿਪੋਰਟ**

- ਧਾਰਮਿਕ ਆਰਕਾਈਵਜ਼ (ਪੁਰਾਣੇ ਕਾਗ਼ਜ਼-ਪਤ੍ਰ ਤੇ ਨਿਸ਼ਾਨੀਆਂ) ਸਾਂਭਣੇ ਬਰਤਾਨੀਆ ਦੇ ਦੇਸਾਂ ਦੇ ਧਾਰਮਿਕ ਭਾਈਚਾਰਿਆਂ ਸੰਸਥਾਵਾਂ ਤੇ ਸਾਰੇ ਸਮਾਜ ਵਾਸਤੇ ਵੀ ਅਹਿਮ ਹਨ। ਇਹ ਸਾਡੇ ਕੌਮੀ ਵਿਰਸੇ ਦਾ ਜ਼ਰੂਰੀ ਅੰਗ ਹਨ। ਇਹ ਆਰਕਾਈਵਜ਼ ਸੌਖੇ ਮਿਲ਼ਦੇ ਨਹੀਂ, ਪਰ ਇਹ ਜ਼ਰੂਰੀ ਹੈ ਕਿ ਇਨ੍ਹਾਂ ਨੂੰ ਇਨ੍ਹਾਂ ਦੇ ਮਾਲਿਕ ਜਾਂ ਇਨ੍ਹਾਂ ਨੂੰ ਬਣਾਉਣ ਵਾਲ਼ੇ ਸਾਂਭ ਕੇ ਰਖ ਲੈਣ। ਇਨ੍ਹਾਂ ਕਾਗ਼ਜ਼-ਪਤ੍ਰਾਂ ਵਿਚ ਕਈ ਕਿਸਮ ਦੀ ਜਾਣਕਾਰੀ ਹੁੰਦੀ ਹੈ, ਜੋ ਯੂਨੀਵਰਸਟੀਆਂ ਦੇ ਖੋਜੀਆਂ ਤੇ ਕੁੱਲ-ਪਤ੍ਰੀਆਂ ਬਣਾਣ ਵਾਲ਼ਿਆਂ ਦੇ ਕੰਮ ਆਉਂਦੀ ਹੈ।
- ਇਸ ਵਿਰਾਸਤੀ ਖ਼ਜ਼ਾਨੇ ਨੂੰ ਸਾਂਭਣ ਵਾਸਤੇ ਦਿੱਤੀ ਜਾਂਦੀ ਮਦਦ ਨੂੰ ਹੋਰ ਵਧਾਉਣ ਤੇ ਸੁਧਾਰਨ ਦੀ ਲੋੜ ਹੈ। ਜੋ ਸੰਸਥਾਵਾਂ ਇਹ ਵਿਰਾਸਤ ਇਕੱਠੀ ਕਰਦੀਆਂ ਹਨ, ਉਨ੍ਹਾਂ ਦੇ ਕੰਮ ਵਿਚ ਪਏ ਖੱਪਿਆਂ ਨੂੰ ਭਰਨ ਦੀ ਲੋੜ ਹੈ। ਲੋਕਾਂ ਕੋਲ਼ ਪਏ ਕਾਗ਼ਜ਼-ਪਤ੍ਰਾਂ ਦੀ ਸੰਭਾਲ਼ ਬਾਬਤ ਉਨ੍ਹਾਂ ਨੂੰ ਸਲਾਹ-ਮਸ਼ਵਿਰਾ ਦੇਣ ਤੇ ਹੋਰ ਸਾਧਨ ਪ੍ਰਦਾਨ ਕਰਨ ਦੀ ਵੀ ਲੋੜ ਹੈ।
- ਇਸ ਮਾਮਲੇ ਤੋਂ ਘਟ ਸਚੇਤ ਧਾਰਮਿਕ ਭਾਈਚਾਰਿਆਂ ਸੰਸਥਾਵਾਂ ਤੇ ਧਾਰਮਿਕ ਆਗੂਆਂ ਜਾਂ ਸੰਗਤਾਂ ਦੀ ਰਾਏ ਬਣਾਣ ਵਾਲ਼ਿਆਂ ਨੂੰ ਇਹ ਦੱਸਣ ਦੀ ਲੋੜ ਹੈ ਕਿ ਉਨ੍ਹਾਂ ਦੀਆਂ ਸਰਗਰਮੀਆਂ ਦਾ ਰਿਕੌਰਡ ਸਾਂਭ ਕੇ ਰੱਖਣਾ ਕਿੰਨਾ ਤੇ ਕਿਉਂ ਜ਼ਰੂਰੀ ਹੈ। ਇਹ ਅਜੋਕੇ ਕੰਪੀਊਟਰ-ਡਿਜਿਟਲ ਯੁਗ ਵਿਚ ਹੋਰ ਵੀ ਜ਼ਰੂਰੀ ਹੋ ਗਿਆ ਹੈ, ਕਿਉਂ ਕਿ ਉਹ ਰਿਕੌਰਡ ਜਿਹੜੇ ਕਲ੍ਹ ਨੂੰ ਆਰਕਾਈਵਜ਼ ਬਣਨਗੇ, ਉਹ ਸ਼ੁਰੂ ਤੋਂ ਹੀ ਬੜੇ ਧਿਆਨ ਨਾ਼ਲ ਸਾਂਭ ਕੇ ਰੱਖੇ ਜਾਣ। ਅਜੋਕੇ ਚੈਰਿਟੀ ਕਾਨੂੰਨ ਦੇ ਹਵਾਲੇ ਨਾ਼ਲ ਸੁਚੱਜੇ ਪ੍ਰਬੰਧ ਵਾਸਤੇ ਸੁਚੱਜ ਨਾ਼ਲ ਰਿਕੌਰਡ ਸਾਂਭ ਕੇ ਰੱਖਣ ਦੀ ਅਹਿਮੀਅਤ ਨੂੰ ਸਮਝਾਣ ਦੀ ਲੋੜ ਹੈ। ਧਾਰਮਿਕ ਭਾਈਚਾਰਿਆਂ ਸੰਸਥਾਵਾਂ ਦੇ ਇਤਿਹਾਸਕ ਰਿਕੌਰਡ ਜ਼ਿਆਦਾ ਤਰ ਜ਼ਬਾਨੀ-ਕਲਾਮੀ ਜਾਂ ਟੇਪਾਂ-ਵੀਡੀਓਆਂ-ਫ਼ੋਟੋਆਂ ਦੀ ਸ਼ਕਲ ਵਿਚ ਮੌਜੂਦ ਹਨ; ਤੇ ਇਸ ਸਾਰੀ ਸਾਮੱਗਰੀ ਨੂੰ ਆਉਣ ਵਾ਼ਲੀਆਂ ਪੁਸ਼ਤਾਂ ਵਾਸਤੇ ਸਾਂਭ ਕੇ ਰੱਖਣ ਲਈ ਢੁੱਕਵੇਂ ਪ੍ਰਬੰਧ ਕਰਨੇ ਚਾਹੀਦੇ ਹਨ।
- ਅਜੋਕੇ ਕਿਰਸ ਦੇ ਜ਼ਮਾਨੇ ਵਿਚ ਧਾਰਮਿਕ ਆਰਕਾਈਵਜ਼ ਦੀ ਚੇਤਨਾ ਵਧਾਣ ਲਈ ਤੇ ਇਹਦੀ ਲੋੜ ਦਾ ਧਾਰਮਿਕ ਨੀਤੀਵਾਨਾਂ ਨੂੰ ਤੇ ਸਾਰੇ ਦੇਸ ਨੂੰ ਅਹਿਸਾਸ ਕਰਾਣ ਲਈ ਵਸੀਹ ਪੈਮਾਨੇ ’ਤੇ ਦੱਸਣ ਦੀ ਲੋੜ ਹੈ। ਇਹ ਜ਼ਰੂਰੀ ਹੈ ਕਿ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਜੋ ਵੀ ਕੰਮ ਕੀਤਾ ਜਾਏ, ਉਹ ਅਜੋਕੇ ਬਰਤਾਨੀਆਂ ਦੇ ਸਾਰੇ ਧਰਮਾਂ ਨੂੰ ਧਿਆਨ ਰਖ ਕੇ ਕੀਤਾ ਜਾਵੇ।
- ਇਨ੍ਹਾਂ ਆਰਕਾਈਵਾਂ ਨੂੰ ਇਕੱਠੇ ਕਰਨ ਤੇ ਸਾਂਭਣ ਦੇ ਪ੍ਰਬੰਧ ਮਜ਼ਬੂਤ ਕਰਨ ਤੇ ਹਿਮਾਇਤ ਕਰਨ ਲਈ ਫ਼ੰਡ (ਪੈਸੇ) ਦੇਣ ਵਾ਼ਲੀਆਂ ਸੰਸਥਾਵਾਂ ਦੀ ਹੌਸਲਾਅਫ਼ਜ਼ਾਈ ਕੀਤੀ ਜਾਣੀ ਚਾਹੀਦੀ ਹੈ। ਇਸ ਨਾ਼ਲ ਇਸ ਗੱਲ ਨੂੰ ਮਾਨਤਾ ਮਿ਼ਲੇਗੀ ਕਿ ਇਹ ਸਾਮੱਗਰੀ ਬਰਤਾਨੀਆ ਦੇ ਇਤਿਹਾਸ ਨੂੰ ਸਮਝਣ ਤੇ ਭਾਈਚਾਰਕ ਪਛਾਣ ਵਾਸਤੇ ਬਹੁਤ ਜ਼ਰੂਰੀ ਹੈ।
- ਨੈਸ਼ਨਲ ਆਰਕਾਈਵਜ਼, ਆਰਕਾਈਵਜ਼ ਐਂਡ ਰੈਕੱਰਡਜ਼ ਅਸੋਸੀਏਸ਼ਨ ਤੇ ਰਿਲੀਜੀਅਸ ਆਰਕਾਈਵਜ਼ ਗਰੁੱਪ ਵਰਗੇ ਧਾਰਮਿਕ ਆਰਕਾਈਵਜ਼ ਵਿਚ ਲਗਾਤਾਰ ਰੁਚੀ ਰੱਖਣ ਵਾ਼ਲੇ ਹੋਰ ਅਦਾਰਿਆਂ ਨੂੰ ਚਾਹੀਦਾ ਹੈ ਕਿ ਉਹ ਇਸ ਕੰਮ ਦੀ ਹਿਮਾਇਤ ਤੇ ਹੌਸਲਾਅਫ਼ਜ਼ਾਈ ਕਰਦੇ ਰਹਿਣ। ਨਿਸ਼ਾਨੇ ਮਿਥ ਕੇ ਹੋਰ ਖੋਜ ਤੇ ਸਲਾਹ-ਮਸ਼ਵਿਰਾ ਕੀਤਾ ਜਾਏ, ਤਾਂ ਕਿ ਇਹ ਹਿਮਾਇਤ ਥਾਂ ਸਿਰ ਮਿ਼ਲੇ ਤੇ ਜਿਹਦਾ ਵਧੇਰੇ ਅਸਰ ਤੇ ਫ਼ਾਇਦਾ ਵੀ ਹੋਵੇ।